# ਸਿਹਤਮੰਦ ਬਨਾਮ ਗੈਰ-ਸਿਹਤਮੰਦ ਰਿਸ਼ਤੇ

## ਸਿਹਤਮੰਦ ਰਿਸ਼ਤਾ

✓ **ਸਤਿਕਾਰ:** ਤੁਸੀਂ ਇੱਕ ਦੂਜੇ ਦੀ ਗੱਲ ਸੁਣਦੇ ਹੋ ਅਤੇ ਇੱਕ ਦੂਜੇ ਦੀਆਂ ਸੀਮਾਵਾਂ ਦਾ ਸਤਿਕਾਰ ਕਰਦੇ ਹੋ।

✓ **ਖੁੱਲ੍ਹੀ ਗੱਲਬਾਤ:** ਤੁਸੀਂ ਆਪਣੇ ਸਾਥੀ ਨੂੰ ਇਮਾਨਦਾਰੀ ਨਾਲ ਆਪਣੀਆਂ ਭਾਵਨਾਵਾਂ ਬਾਰੇ ਦੱਸ ਸਕਦੇ ਹੋ ਅਤੇ ਉਨ੍ਹਾਂ ਬਾਰੇ ਗੱਲਬਾਤ ਕਰ ਸਕਦੇ ਹੋ।

✓ **ਸੁਰੱਖਿਆ:** ਜਦੋਂ ਤੁਸੀਂ ਆਪਣੇ ਸਾਥੀ ਨਾਲ ਹੁੰਦੇ ਹੋ ਤਾਂ ਤੁਹਾਨੂੰ ਕੋਈ ਓਹਲਾ ਰੱਖਣ ਦੀ ਲੋੜ ਨਹੀਂ ਪੈਂਦੀ। ਤੁਸੀਂ - ਮਾਨਸਿਕ, ਭਾਵਨਾਤਮਕ ਅਤੇ ਸਰੀਰਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੇ ਹੋ।

✓ **ਸਹਾਇਤਾ:** ਤੁਸੀਂ ਅਤੇ ਤੁਹਾਡਾ ਸਾਥੀ ਇੱਕ ਦੂਜੇ ਦੀ ਦੇਖਭਾਲ ਕਰਦੇ ਹੋ ਅਤੇ ਜਦੋਂ ਦੂਜੇ ਵਿਅਕਤੀ ਨੂੰ ਤੁਹਾਡੀ ਲੋੜ ਹੁੰਦੀ ਹੈ ਤਾਂ ਤੁਸੀਂ ਇਕ-ਦੂਜੇ ਲਈ ਹਾਜ਼ਰ ਹੁੰਦੇ ਹੋ।

✓ **ਭਰੋਸਾ:** ਤੁਸੀਂ ਜਾਣਦੇ ਹੋ ਕਿ ਤੁਹਾਡਾ ਸਾਥੀ ਹਮੇਸ਼ਾ ਤੁਹਾਡੇ ਲਈ ਸਭ ਤੋਂ ਵਧੀਆ ਚਾਹੁੰਦਾ ਹੈ। ਤੁਸੀਂ ਇੱਕ ਦੂਜੇ 'ਤੇ ਨਿਰਭਰ ਕਰ ਸਕਦੇ ਹੋ।

✓ **ਦੋਹਤਰਫਾ:** ਇੱਕ ਸਿਹਤਮੰਦ ਰਿਸ਼ਤੇ ਵਿੱਚ, ਦੋਵੇਂ ਧਿਰਾਂ ਇੱਕ ਦੂਜੇ ਦੀ ਕਦਰ ਕਰਦੀਆਂ ਹਨ, ਅਤੇ ਪਿਆਰੇ ਅਤੇ ਸਵੀਕਾਰੇ ਜਾਣ ਦਾ ਅਹਿਸਾਸ ਕਰਦੀਆਂ ਹਨ।

## ਗੈਰ-ਸਿਹਤਮੰਦ ਰਿਸ਼ਤਾ

✗ **ਕੰਟਰੋਲ:** ਤੁਹਾਡਾ ਸਾਥੀ ਤੁਹਾਨੂੰ ਦੱਸਦਾ ਹੈ ਕਿ ਕੀ ਕਰਨਾ ਹੈ, ਤੁਹਾਡੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਦਾ ਹੈ, ਅਤੇ ਤੁਹਾਨੂੰ ਦੂਜਿਆਂ ਤੋਂ ਅਲੱਗ ਕਰ ਦਿੰਦਾ ਹੈ।

✗ **ਕਸੂਰ:** ਜਦੋਂ ਕੁਝ ਗਲਤ ਹੋ ਜਾਂਦਾ ਹੈ ਤਾਂ ਤੁਹਾਡਾ ਸਾਥੀ ਲਗਾਤਾਰ ਤੁਹਾਨੂੰ ਦੋਸ਼ੀ ਠਹਿਰਾਉਂਦਾ ਹੈ, ਜਾਂ ਜਦੋਂ ਤੁਸੀਂ ਕੋਈ ਗਲਤੀ ਕਰਦੇ ਹੋ ਤਾਂ ਤੁਹਾਨੂੰ ਸ਼ਰਮਿੰਦਾ ਕਰਦਾ ਹੈ।

✗ **ਧਮਕੀਆਂ:** ਤੁਹਾਡਾ ਸਾਥੀ ਤੁਹਾਨੂੰ ਉਹ ਕੰਮ ਕਰਨ ਲਈ ਮਜਬੂਰ ਕਰਦਾ ਜਾਂ ਤੁਹਾਡੇ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਦਾ ਹੈ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ।

✗ **ਧੱਕੇਸ਼ਾਹੀ:** ਤੁਹਾਡਾ ਸਾਥੀ ਦੂਜਿਆਂ ਦੇ ਸਾਹਮਣੇ ਤੁਹਾਨੂੰ ਜ਼ਲੀਲ ਜਾਂ ਸ਼ਰਮਿੰਦਾ ਕਰਦਾ ਹੈ।

✗ **ਨੁਕਸਾਨਦੇਹ ਗੱਲਬਾਤ:** ਤੁਹਾਡਾ ਸਾਥੀ ਤੁਹਾਡੇ ਨਾਲ ਨਿਰਾਦਰ ਭਰੇ ਢੰਗ ਨਾਲ ਗੱਲ ਕਰਦਾ ਹੈ ਜਾਂ ਤੁਹਾਨੂੰ ਨੀਵਾਂ ਦਿਖਾਉਂਦਾ ਹੈ।

✗ **ਦੁਰਵਿਵਹਾਰ:** ਤੁਹਾਡਾ ਸਾਥੀ ਧਮਕੀਆਂ, ਹੇਰਾਫੇਰੀ , ਜਾਂ ਕੁੱਟ-ਮਾਰ ਕਰ ਕੇ ਤੁਹਾਨੂੰ ਕਾਬੂ ਕਰਨ ਦੀ ਕੋਸ਼ਸ਼ ਕਰਦਾ ਹੈ।

## ਰਿਸ਼ਤੇ ਵਿੱਚ ਟਕਰਾਅ ਨੂੰ ਸੁਲਝਾਉਣ ਦੇ ਤਰੀਕੇ

**ਜਦੋਂ ਤੁਸੀਂ ਭਰੇ-ਪੀਤੇ ਹੋਵੋਂ ਤਾਂ ਗੱਲਬਾਤ ਸ਼ੁਰੂ ਨਾ ਕਰੋ।** ਇੱਕ ਦੂਜੇ ਨੂੰ ਸ਼ਾਂਤ ਹੋਣ ਲਈ ਸਮਾਂ ਦਿਉ।

**ਇੱਕ ਦੂਜੇ** ਨਾਲ ਖੁੱਲ੍ਹ ਕੇ ਅਤੇ ਸਤਿਕਾਰ ਨਾਲ **ਗੱਲਬਾਤ ਕਰੋ।**

**ਇੱਕ ਦੂਜੇ ਨੂੰ ਸਾਫ਼-ਸਾਫ਼ ਦੱਸੋ ਕਿ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ** ਅਤੇ ਤੁਸੀਂ ਅਗਾਂਹ ਨੂੰ ਕੀ ਚਾਹੁੰਦੇ ਹੋ।

ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਕਿ ਹਾਲਾਤ ਨਾਲ ਕਿਵੇਂ ਨਜਿੱਠਣਾ ਹੈ ਅਤੇ ਤੁਹਾਨੂੰ ਸਲਾਹ ਦੀ ਲੋੜ ਹੈ, ਤਾਂ ਕਿਸੇ **ਸੁਰੱਖਿਅਤ ਵਿਅਕਤੀ** (ਜਿਵੇਂ ਕਿ ਦੋਸਤ, ਮਾਤਾ-ਪਿਤਾ, ਸਲਾਹਕਾਰ, ਅਧਿਆਪਕ) **ਨਾਲ ਗੱਲ ਕਰੋ।**

ਜੇਕਰ ਰਿਸ਼ਤਾ ਦੁਰਵਿਹਾਰ ਵਾਲਾ, ਅਸੁਰੱਖਿਅਤ, ਜਾਂ ਖ਼ਤਰਨਾਕ ਬਣ ਜਾਂਦਾ ਹੈ, ਤਾਂ ਕਿਸੇ ਭਰੋਸੇਯੋਗ ਬਾਲਗ ਨੂੰ ਦੱਸੋ ਜਾਂ ਮਦਦ ਲੈਣ ਲਈ ਸਥਾਨਕ ਵਸੀਲਿਆਂ ਨਾਲ ਸੰਪਰਕ ਕਰੋ। **ਜੇਕਰ ਤੁਸੀਂ ਤੁਰੰਤ ਖ਼ਤਰੇ ਵਿੱਚ ਹੋ ਤਾਂ 911 'ਤੇ ਕਾਲ ਕਰੋ।**

plea | Children of the Street